## ਸੰਪਾਦਕੀ



ਨਾ ਬਰਾਬਰੀ ਵਾਲੇ ਪ੍ਰਬੰਧ 'ਤੇ ਪ੍ਰਸ਼ਨ ਚਿੰਨ੍ਹ ਜ਼ਰੂਰ ਲੱਗਦਾ ਹੈ।

- ਡੇਵ ਰੈਚਰਟ

# ਪ੍ਰਵਾਸੀ ਭਾਰਤੀਆਂ ਦੇ ਸਨਮਾਨ ਵਿੱਚ

ਲੋਕਾਂ ਦਾ ਆਪਣੇ ਦੇਸ਼, ਆਪਣੀ ਧਰਤੀ ਨਾਲ ਕੁਦਰਤੀ ਲਗਾਓ ਹੁੰਦਾ ਹੈ, ਭਾਵੇਂ ਉਹ ਪੀੜ੍ਹੀਆਂ ਪਹਿਲਾਂ ਕਿਤੇ ਹੋਰ ਵਸ ਗਏ ਹੋਣ। ਹਰ ਦੇਸ਼ ਆਪਣੇ ਪ੍ਰਵਾਸੀਆਂ ਨਾਲ ਵੀ ਰਿਸ਼ਤਾ ਕਾਇਮ ਰੱਖਦਾ ਹੈ। ਇਸ ਕਾਰਨ ਭਾਰਤ ਵਿੱਚ ਪ੍ਰਵਾਸੀ ਦਿਵਸ ਦੀ ਸ਼ੁਰੂਆਤ ਹੋਈ, ਜਿਸ ਵਿੱਚ ਹਰ ਸਾਲ ਦੂਜੇ ਦੇਸ਼ਾਂ ਵਿੱਚ ਵਸਦੇ ਭਾਰਤੀ ਮੂਲ ਦੇ ਲੋਕ ਕੁੱਝ ਦਿਨਾਂ ਲਈ ਇੱਥੇ ਆਉਂਦੇ ਹਨ। ਇਹ ਸਿਰਫ਼ ਸੈਰ-ਸਪਾਟੇ ਦਾ ਮੌਕਾ ਨਹੀਂ ਹੈ, ਸਗੋਂ ਇਹ ਉਨ੍ਹਾਂ ਲਈ ਆਪਣੇ ਦੇਸ਼ ਲਈ ਕੁੱਝ ਕਰਨ ਦਾ ਮੌਕਾ ਵੀ ਹੈ। ਦਰਅਸਲ, ਪ੍ਰਵਾਸੀ ਸੰਮੇਲਨ ਇਸ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ ਕਿ ਦੂਜੇ ਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਲੋਕ ਇੱਥੇ ਆ ਕੇ ਨਿਵੇਸ਼ ਦੇ ਮੌਕੇ ਲੱਭ ਸਕਣ। ਇੰਦੌਰ ਵਿੱਚ 17ਵੇਂ ਪ੍ਰਵਾਸੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਇੱਕ ਵਾਰ ਫਿਰ ਇਸ ਲੋੜ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਦੂਜੇ ਦੇਸ਼ਾਂ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਲੋਕਾਂ ਨੂੰ ਵਿਦੇਸ਼ੀ ਧਰਤੀ ਉੱਤੇ ਭਾਰਤ ਦੇ 'ਬ੍ਰਾਂਡ ਅੰਬੈਸਡਰ' ਕਿਹਾ। ਇਸ ਕਾਨਫਰੰਸ ਵਿੱਚ ਸੱਤਰ ਦੇਸ਼ਾਂ ਦੇ ਸਾਢੇ ਤਿੰਨ ਹਜ਼ਾਰ ਵਿਦੇਸ਼ੀ ਭਾਰਤੀ ਹਿੱਸਾ ਲੈ ਰਹੇ ਹਨ। ਪ੍ਰਧਾਨ ਮੰਤਰੀ ਦੇ ਸੰਬੋਧਨ ਤੋਂ ਪਹਿਲਾਂ, ਵਿਦੇਸ਼ ਮੰਤਰੀ ਨੇ ਸੰਮੇਲਨ ਨੂੰ ਭਾਰਤੀ ਡਾਇਸਪੋਰਾ ਲਈ ਆਪਣੇ ਸਬੰਧਾਂ ਨੂੰ ਨਵਿਆਉਣ, ਊਰਜਾਵਾਨ ਬਣਾਉਣ ਅਤੇ ਨਵੇਂ ਪਹਿਲੂ ਜੋੜਨ ਦੇ ਮੌਕੇ ਵੱਜੋਂ ਉਜਾਗਰ ਕੀਤਾ। ਇਸ ਸਾਲ ਦੇ ਪ੍ਰਵਾਸੀ ਭਾਰਤੀ ਸੰਮੇਲਨ ਦਾ ਮਹੱਤਵ ਇਸ ਲਈ ਵੀ ਹੈ ਕਿਉਂਕਿ ਭਾਰਤ ਇਸ ਸਾਲ ਜੀ-20 ਸਮੂਹ ਦੀ ਪ੍ਰਧਾਨਗੀ ਕਰ ਰਿਹਾ ਹੈ ਅਤੇ ਇੱਥੇ ਨਿਵੇਸ਼ ਦੇ ਕਈ ਨਵੇਂ ਮੌਕੇ ਖੁੱਲ੍ਹੇ ਹਨ। ਭਾਰਤ ਦੁਨੀਆ ਦੀ ਪੰਜਵੀਂ ਅਰਥਵਿਵਸਥਾ ਬਣ ਗਿਆ ਹੈ। ਪੂਰੀ ਦੁਨੀਆ ਹੁਣ ਭਾਰਤ ਵੱਲ ਦੇਖ ਰਹੀ ਹੈ। ਕਈ ਅਜਿਹੇ ਮੌਕੇ ਆਏ ਜਦੋਂ ਦੁਨੀਆ ਦੇ ਅਖੌਤੀ ਵਿਕਸਤ ਦੇਸ਼ਾਂ ਨੇ ਵੀ ਭਾਰਤ ਨੂੰ ਅਹਿਮੀਅਤ ਦਿੱਤੀ। ਕੋਰੋਨਾ ਦੇ ਸਮੇਂ ਭਾਰਤ ਨੇ ਨਾ ਸਿਰਫ ਆਪਣੇ ਦਮ 'ਤੇ ਟੀਕੇ ਬਣਾਏ, ਬਲਕਿ ਦੁਨੀਆ ਦੇ ਅਖੌਤੀ ਉੱਨਤ ਦੇਸ਼ਾਂ ਦੇ ਮੁਕਾਬਲੇ ਤੇਜ਼ੀ ਨਾਲ ਅਤੇ ਵੱਡੀ ਗਿਣਤੀ ਵਿੱਚ ਟੀਕੇ ਲਗਾਉਣ ਵਿੱਚ ਵੀ ਸਫਲਤਾ ਪ੍ਰਾਪਤ ਕੀਤੀ। ਅਰਿਹੰਤ ਵਰਗਾ ਸਵਦੇਸ਼ੀ ਜਹਾਜ਼ ਸੈਟੇਲਾਈਟ ਲਾਂਚ ਦੇ ਮਾਮਲੇ ਵਿੱਚ ਮੁਕਾਬਲੇਬਾਜ਼ੀ ਵਿੱਚ ਅੱਗੇ ਵਧ ਰਿਹਾ ਹੈ। ਇਸ ਤਰ੍ਹਾਂ ਭਾਰਤ ਤੋਂ ਦੂਜੇ ਦੇਸ਼ਾਂ ਵਿੱਚ ਕਾਰੋਬਾਰ ਕਰਨ ਵਾਲੇ ਲੋਕਾਂ ਲਈ ਭਾਰਤ ਪ੍ਰਤੀ ਖਿੱਚ ਦੇ ਕੁਦਰਤੀ ਕਾਰਨ ਹਨ। ਇਸ ਸਮੇਂ ਜਿਸ ਤਰ੍ਹਾਂ ਪੂਰੀ ਦੁਨੀਆ ਮੰਦੀ ਦੇ ਡਰ ਨਾਲ ਜੂਝ ਰਹੀ ਹੈ ਅਤੇ ਕਾਰੋਬਾਰ 'ਚ ਸੁਸਤੀ ਹੈ, ਕਈ ਦੇਸ਼ ਆਪਣੇ ਲਈ ਨਵੇਂ ਬਾਜ਼ਾਰ ਦੀ ਤਲਾਸ਼ 'ਚ ਹਨ। ਅਜਿਹੇ 'ਚ ਨਿਵੇਸ਼ ਦੇ ਨਜ਼ਰੀਏ ਤੋਂ ਭਾਰਤ ਬਿਹਤਰ ਸਥਾਨ ਸਾਬਤ ਹੋ ਸਕਦਾ ਹੈ। ਇਸ ਲਈ ਇਹ ਉਮੀਦ ਕਰਨੀ ਸੁਭਾਵਿਕ ਹੈ ਕਿ ਇਸ ਸਾਲ ਦਾ ਪ੍ਰਵਾਸੀ ਸੰਮੇਲਨ ਭਾਰਤੀ ਮੂਲ ਦੇ ਲੋਕਾਂ ਨੂੰ ਇੱਥੇ ਕਾਰੋਬਾਰ ਦੇ ਨਵੇਂ ਮੌਕਿਆਂ ਦੀ ਖੋਜ ਕਰਨ ਵਿੱਚ ਮੱਦਦ ਕਰੇਗਾ। ਕੇਂਦਰ ਸਰਕਾਰ ਨੇ ਸਟਾਰਟਅੱਪ ਅਤੇ ਮੇਕ ਇਨ ਇੰਡੀਆ ਸਕੀਮਾਂ ਤਹਿਤ ਲੱਖਾਂ ਨੌਜਵਾਨਾਂ ਲਈ ਨਵੀਆਂ ਕਾਢਾਂ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ। ਇਸ ਤਰ੍ਹਾਂ ਇੱਥੇ ਵਪਾਰਕ ਮਾਹੌਲ ਪੈਦਾ ਹੋ ਗਿਆ ਹੈ। ਵਿਦੇਸ਼ੀ ਕੰਪਨੀਆਂ ਲਈ ਨਿਯਮਾਂ ਅਤੇ ਸ਼ਰਤਾਂ ਨੂੰ ਕਾਫ਼ੀ ਲਚਕਦਾਰ ਬਣਾਇਆ ਗਿਆ ਹੈ। ਹੁਣ ਤਾਂ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਵੀ ਇੱਥੇ ਆਪਣਾ ਕੈਂਪਸ ਖੋਲ੍ਹਣ ਦਾ ਮਾਣ ਦਿੱਤਾ ਗਿਆ ਹੈ। ਅਜਿਹੀ ਸਥਿਤੀ ਵਿੱਚ ਵਿਦੇਸ਼ੀ ਭਾਰਤੀ ਕਾਰੋਬਾਰੀਆਂ ਲਈ ਇੱਕ ਅਨੁਕੂਲ ਵਪਾਰਕ ਮਾਹੌਲ ਉਪਲੱਬਧ ਹੈ। ਕਾਰੋਬਾਰ ਲਈ ਸਭ ਤੋਂ ਮਹੱਤਵਪੂਰਨ ਚੀਜ਼ ਵਪਾਰਕ ਮਾਹੌਲ ਅਤੇ ਮਾਰਕੀਟ ਹੈ। ਇਹ ਦੋਵੇਂ ਚੀਜ਼ਾਂ ਇਸ ਸਮੇਂ ਉਪਲੱਬਧ ਹਨ। ਜੇਕਰ ਪ੍ਰਵਾਸੀ ਭਾਰਤੀ ਭਾਰਤ ਵਿੱਚ ਨਿਵੇਸ਼ ਕਰਨ ਲਈ ਅੱਗੇ ਵਧਦੇ ਹਨ, ਤਾਂ ਨਾ ਸਿਰਫ਼ ਇੱਥੇ ਕੁੱਝ ਨਵੇਂ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ, ਸਗੋਂ ਨਿਰਯਾਤ ਵਿੱਚ ਵੀ ਤੇਜ਼ੀ ਆਉਣ ਦੀ ਉਮੀਦ ਕੀਤੀ ਜਾ ਸਕਦੀ ਹੈ। ਬਿਨਾਂ ਸ਼ੱਕ ਇਸ ਵਾਰ ਦੇ ਪ੍ਰਵਾਸੀ ਸੰਮੇਲਨ ਤੋਂ ਬਿਹਤਰ ਨਤੀਜਿਆਂ ਦੀ ਆਸ ਹੈ।

**ਸੁਖਜਿੰਦਰ ਸਮਰਾ**

ਮੋ. 1 780 300 2000

403 640 2000

punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਅਰਾਜਕਤਾ ਵੱਲ ਵਧਦਾ ਜਾ ਰਿਹਾ ਹੈ ਰੰਗਲਾ ਪੰਜਾਬ

**ਗੁਰਮੀਤ ਸਿੰਘ ਪਲਾਹੀ**

-9815802070



ਪੰਜਾਬ ਦੀ ਮੌਜੂਦਾ ਸਰਕਾਰ ਚੁਫੇਰਿਓਂ ਘਿਰੀ ਨਜ਼ਰ ਆ ਰਹੀ ਹੈ। ਇਕ ਪਾਸੇ ਸਰਕਾਰ, ਸਰਕਾਰ ਨਾਲ ਭਿੜ ਰਹੀ ਹੈ, ਦੂਜੇ ਪਾਸੇ ਸੜਕਾਂ 'ਤੇ ਬੈਠੇ ਕਰਮਚਾਰੀ, ਬੇਰੁਜ਼ਗਾਰ ਨੌਜਵਾਨ, ਕਿਸਾਨ, ਮਜ਼ਦੂਰ ਸਰਕਾਰ ਨੂੰ ਆਪਣੇ ਵਾਇਦੇ ਯਾਦ ਕਰਾ ਰਹੇ ਹਨ। ਜਨਵਰੀ 2023 ਦੇ ਮਹੀਨੇ ਸ਼ਾਇਦ ਕੋਈ ਵੀ ਦਿਨ "ਮਾਨ ਸਰਕਾਰ" ਲਈ ਸੁੱਖ ਦਾ ਨਹੀਂ ਚੜ੍ਹਿਆ।

ਇਹਨਾ ਦਿਨਾਂ 'ਚ ਕੇਂਦਰ ਦੀ ਸਰਕਾਰ, ਹਰਿਆਣਾ ਨਾਲ ਰਲਕੇ ਪੰਜਾਬ ਦੇ ਪਾਣੀਆਂ ਉਤੇ ਡਾਕਾ ਮਾਰਨ ਦੇ ਰੌਂਅ 'ਚ ਦਿਸੀ। ਵਿਜੀਲੈਂਸ ਪੰਜਾਬ ਦੇ ਛਾਪਿਆਂ ਤੋਂ ਪ੍ਰੇਸ਼ਾਨ ਪੰਜਾਬ ਦੇ ਪੀ.ਸੀ.ਐਸ. ਅਫ਼ਸਰ ਹਫ਼ਤੇ ਦੀ ਛੁੱਟੀ 'ਤੇ ਚਲੇ ਗਏ। ਪੰਜਾਬ ਦੇ ਆਈ.ਏ.ਐਸ. ਅਫ਼ਸਰ ਆਪਣੀ ਇੱਕ ਸਾਥੀ ਉਤੇ ਵਿਜੀਲੈਂਸ ਸ਼ਿਕੰਜੇ ਤੋਂ ਗੁਸਾਏ "ਆਪ ਸਿਆਸੀ ਸਰਕਾਰ" ਨਾਲ ਟਕਰਾਅ 'ਚ ਆ ਗਏ। ਜ਼ਿਲੇ ਦੇ ਡਿਪਟੀ ਕਮਿਸ਼ਨਰਾਂ ਦਾ ਅਮਲਾ, ਪੀ.ਸੀ.ਐਸ., ਆਈ.ਏ.ਐਸ. ਅਫ਼ਸਰਾਂ ਦੀ ਹਮਾਇਤ 'ਤੇ ਤਾਂ ਆਇਆ ਹੀ, ਸੂਬੇ ਦੇ ਮਾਲ ਅਧਿਕਾਰੀਆਂ ਨੇ ਵੀ ਆਪਣੇ ਉਪਰਲੇ ਅਫ਼ਸਰਾਂ ਦੀ ਹਾਮੀ ਭਰ ਦਿੱਤੀ। ਪੰਜਾਬ ਦੇ ਦਫ਼ਤਰ ਬੰਦ ਹੋ ਗਏ। ਲੋਕ ਪ੍ਰੇਸ਼ਾਨ ਹੋ ਗਏ।

ਆਪ ਸਰਕਾਰ ਵਲੋਂ ਰੇਡੀਓ, ਟੀ.ਵੀ., ਅਖ਼ਬਾਰਾਂ 'ਚ ਆਪਣੇ ਵਲੋਂ ਕੀਤੇ ਜਾ ਰਹੇ ਕੰਮਾਂ ਦਾ ਵੇਰਵਾ ਲਗਾਤਾਰ ਪ੍ਰਸਾਰਿਤ ਕਰਵਾਇਆ ਜਾ ਰਿਹਾ ਹੈ। ਸਰਕਾਰ ਅਤੇ ਅਫ਼ਸਰਸ਼ਾਹੀ 'ਚ ਇਹ ਟਕਰਾਅ ਇੰਨਾ ਵੱਧ ਚੁੱਕਾ ਹੈ ਕਿ ਅੱਜ ਸੂਬੇ ਵਿੱਚ ਸਰਕਾਰ ਕੋਲ ਇੱਕ ਵੀ ਡਿਊਟੀ ਮੈਜਿਸਟ੍ਰੇਟ ਨਹੀਂ ਹੈ ਜੋ ਸੂਬੇ 'ਚ ਅਮਨ, ਕਾਨੂੰਨ ਦੀ ਸਥਿਤੀ ਨਾਲ ਨਿਪਟਣ ਲਈ ਡਿਊਟੀ 'ਤੇ ਰਹੇ ਜਦਕਿ ਪੰਜਾਬ 'ਚ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਦੀ ਸ਼ੁਰੂਆਤ ਹੋ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ 11 ਜਨਵਰੀ 2023 ਨੂੰ 2 ਵਜੇ ਤੱਕ ਛੁੱਟੀ 'ਤੇ ਗਏ ਪੀ.ਸੀ.ਐਸ. ਅਧਿਕਾਰੀਆਂ ਨੂੰ ਵਾਪਿਸ ਡਿਊਟੀ ਸੰਭਾਲਣ ਲਈ ਕਿਹਾ ਹੈ ਅਤੇ ਚਿਤਾਵਨੀ ਦਿੱਤੀ ਕਿ ਜਿਹੜੇ ਡਿਊਟੀ ਨਹੀਂ ਸੰਭਾਲਣਗੇ ਬਰਖ਼ਾਸਤ ਕਰ ਦਿੱਤੇ ਜਾਣਗੇ। ਪੀ.ਸੀ.ਐਸ. ਅਫ਼ਸਰਾਂ ਨੇ ਹੜਤਾਲ ਵਾਪਿਸ ਲੈ ਲਈ।

ਆਖ਼ਰ ਟਕਰਾਅ ਦਾ ਮੁੱਦਾ ਕੀ ਹੈ? ਸਰਕਾਰ ਤੇ ਅਫ਼ਸਰਸ਼ਾਹੀ ਦਰਮਿਆਨ ਵਿਜੀਲੈਂਸ ਕੇਸਾਂ ਨੂੰ ਲੈ ਕੇ ਟਕਰਾਅ ਹੈ। ਪੰਜਾਬ ਵਿੱਚ ਵਿਜੀਲੈਂਸ ਦੀ ਕਾਰਜਸ਼ੈਲੀ ਨੂੰ ਲੈਕੇ ਪੰਜਾਬ ਦੀ ਸਮੁੱਚੀ ਅਫ਼ਸਰਸ਼ਾਹੀ ਪ੍ਰੇਸ਼ਾਨ ਹੈ। ਅਫ਼ਸਰਸ਼ਾਹੀ ਦਾ ਕਹਿਣਾ ਹੈ ਜੇਕਰ ਕਿਸੇ ਅਫ਼ਸਰ ਵਿਰੁੱਧ ਭ੍ਰਿਸ਼ਟਾਚਾਰ ਵਿਰੋਧੀ ਕੋਈ ਕਾਰਵਾਈ ਕਰਨੀ ਹੈ ਤਾਂ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੀ ਧਾਰਾ-17 ਏ ਅਨੁਸਾਰ ਸਰਕਾਰ ਦੀ ਮਨਜ਼ੂਰੀ ਵਿਜੀਲੈਂਸ ਨੂੰ ਮੁੱਖ ਮੰਤਰੀ ਤੋਂ ਲੈਣੀ ਚਾਹੀਦੀ ਹੈ ਜਦਕਿ ਵਿਜੀਲੈਂਸ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਦੇ ਮਾਮਲਿਆਂ 'ਚ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ-17 ਏ ਤਹਿਤ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ।

ਇਥੇ ਇਹ ਗੱਲ ਦਸਣੀ ਬਣਦੀ ਹੈ ਕਿ ਵਿਜੀਲੈਂਸ ਨੇ ਜੂਨ 20, 2022 'ਚ ਆਈ.ਏ.ਐਸ. ਅਧਿਕਾਰੀ ਸੰਜੇ ਪੋਪਲੀ ਨੂੰ ਗ੍ਰਿਫ਼ਤਾਰ ਕੀਤਾ ਸੀ। ਵਿਜੀਲੈਂਸ ਵਲੋਂ ਪੋਪਲੀ ਦੀ ਗ੍ਰਿਫ਼ਤਾਰੀ ਮੌਕੇ ਵੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ-17 ਏ ਤਹਿਤ ਸੀ.ਐਮ. ਤੋਂ ਮਨਜ਼ੂਰੀ ਨਹੀਂ ਮੰਗੀ ਗਈ ਸੀ ਹਾਲਾਂਕਿ ਸੀ.ਐਮ. ਕੋਲ ਗ੍ਰਹਿ ਵਿਭਾਗ ਹੈ ਅਤੇ ਚੀਫ਼ ਸੈਕਟਰੀ ਵਿਜੀਲੈਂਸ ਦਾ ਮੁੱਖੀ ਵੀ ਹੈ।

ਮੌਜੂਦਾ ਵਿਜੀਲੈਂਸ ਕੇਸ ਆਈ.ਏ.ਐਸ. ਅਧਿਕਾਰੀ ਨੀਲਿਮਾ ਖਿਲਾਫ਼ ਹੈ, ਜਿਹਨਾ ਦੇ ਪਤੀ ਅਮਿਤ ਕੁਮਾਰ ਵੀ ਆਈ.ਏ.ਐਸ.ਅਫ਼ਸਰ ਹਨ। ਇਹ ਕੇਸ ਸਾਬਕਾ ਕਾਂਗਰਸੀ ਮੰਤਰੀ ਤੇ ਮੌਜੂਦਾ ਭਾਜਪਾ ਨੇਤਾ ਸ਼ਾਮ ਸੁੰਦਰ ਅਰੋੜਾ ਨਾਲ ਸਬੰਧਤ ਹੈ, ਜੋ ਕਿ ਇਸ ਸਮੇਂ ਜੇਲ੍ਹ 'ਚ ਹੈ। ਦੂਜਾ ਕੇਸ ਪੀ.ਸੀ.ਐਸ. ਅਧਿਕਾਰੀ ਨਰਿੰਦਰ ਸਿੰਘ ਧਾਲੀਵਾਲ ਉਤੇ ਹੈ, ਜੋ ਕਿ ਰਿਜ਼ਨਲ ਟਰਾਂਸਪੋਰਟ ਅਧਿਕਾਰੀ ਲੁਧਿਆਣਾ ਹੈ। ਉਹਨਾ ਵਿਰੁੱਧ ਦੋਸ਼ ਹੈ ਕਿ ਉਹਨਾ ਨੇ ਆਮਦਨ ਤੋਂ ਵੱਧ ਵੱਡੀ ਜਾਇਦਾਦ ਬਣਾਈ ਹੋਈ ਹੈ।

ਆਪ ਸਰਕਾਰ ਅਤੇ ਅਫ਼ਸਰਸ਼ਾਹੀ ਦਾ ਆਪਸੀ ਟਕਰਾਅ ਨਵਾਂ ਨਹੀਂ ਹੈ। ਜਦੋਂ ਤੋਂ ਆਪ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਹੀ ਅਫ਼ਸਰਸ਼ਾਹੀ 'ਤੇ ਦੋਸ਼ ਲਗਦੇ ਰਹੇ ਹਨ ਕਿ ਉਹ ਨਵੇਂ ਹਾਕਮਾਂ ਦੀ ਗੱਲ ਨਹੀਂ ਸੁਣਦੇ ਅਤੇ ਆਪਣੇ ਪੁਰਾਣੇ ਆਕਾਵਾਂ ਕਾਂਗਰਸ , ਭਾਜਪਾ, ਅਕਾਲੀ ਦਲ ਵਿਚਲੇ ਸਿਆਸਤਦਾਨਾਂ ਦੀ ਵੱਧ ਮੰਨਦੇ ਹਨ। ਸਰਕਾਰ ਵਲੋਂ ਕੀਤੇ ਗਏ ਕਈ ਫ਼ੈਸਲੇ ਜਿਹੜੇ ਕਿ ਅਫ਼ਸਰਸ਼ਾਹੀ ਵਲੋਂ ਪੁਣ-ਛਾਣ ਕੇ ਕੀਤੇ ਜਾਣੇ ਹੁੰਦੇ ਹਨ ਅਤੇ ਸਮੇਂ ਸਿਰ ਕੀਤੇ ਜਾਣ ਦੀ ਲੋੜ ਹੁੰਦੀ ਹੈ, ਉਸ ਸਬੰਧੀ ਵੀ ਅਫ਼ਸਰਸ਼ਾਹੀ ਵਲੋਂ ਲੇਟ ਲਤੀਫ਼ ਕੀਤੇ ਜਾਣ ਦਾ ਸਰਕਾਰੀ ਧਿਰ ਵਲੋਂ ਦੋਸ਼ ਹੈ। ਪਰ ਦੂਜੇ ਪਾਸੇ ਪੰਜਾਬ ਦੀ ਅਫ਼ਸਰਸ਼ਾਹੀ ਇਹ ਗੱਲ ਲਗਾਤਾਰ ਕਹਿੰਦੀ ਹੈ, ਭਾਵੇਂ ਦੱਬੀ ਘੁੱਟੀ ਜਬਾਨ 'ਚ ਹੀ ਕਿ ਪੰਜਾਬ ਦੀ ਸਰਕਾਰ ਪੰਜਾਬ ਤੋਂ ਨਹੀਂ, ਕਿਧਰੇ ਬਾਹਰੋਂ ਚਲਦੀ ਹੈ ਅਤੇ ਉਹ ਦੋਸ਼ ਲਾਉਂਦੇ ਹਨ ਕਿ ਸਾਨੂੰ ਤਾਂ ਕੀਤੇ ਕਰਾਏ ਫ਼ੈਸਲੇ ਉਪਰੋਂ ਨੋਟੀਫੀਕੇਸ਼ਨ ਕਰਨ ਲਈ ਆਉਂਦੇ ਹਨ ਤੇ ਸਾਨੂੰ ਤਾਂ ਦਸਤਖ਼ਤ ਕਰਨ ਲਈ ਕਿਹਾ ਜਾਂਦਾ ਹੈ, ਜੋ ਜਾਇਜ਼ ਨਹੀਂ ਹੈ।

ਸੂਬੇ ਦੀ ਆਪ ਸਰਕਾਰ ਜਿਹੜੀ ਸਿੱਧੇ ਤੌਰ 'ਤੇ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਦੀ ਵਚਨ ਬੱਧਤਾ ਨਾਲ ਹੋਂਦ ਵਿੱਚ ਆਈ ਸੀ, ਉਸ ਦੇ ਦੋ ਮੰਤਰੀ ਇਸੇ ਦੋਸ਼ ਵਿਚ ਫਸੇ ਅਤੇ ਵਜ਼ਾਰਤੋਂ ਬਾਹਰ ਕਰਨੇ ਪਏ। ਇਹ ਦੋਵੇਂ ਮੰਤਰੀ ਪੰਜਾਬ ਦੇ ਅਤਿ ਅਹਿਮ ਸਿਹਤ ਮਹਿਕਮੇ ਨਾਲ ਸਬੰਧਤ ਸਨ। ਪਰ ਇਸਦੇ ਨਾਲ ਦੋਸ਼ ਇਹ ਵੀ ਲਗਦਾ ਹੈ ਕਿ 92 ਚੁਣੇ ਹੋਏ ਆਪ ਦੇ ਵਿਧਾਇਕ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਦੂਜੀਆਂ ਪਾਰਟੀਆਂ ਵਿਚੋਂ ਆਮ ਆਦਮੀ ਪਾਰਟੀ 'ਚ ਆਏ ਹਨ, ਬਹੁਤੇ ਇਮਾਨਦਾਰੀ ਦਿੱਖ ਵਾਲੇ ਨਹੀਂ ਹਨ, ਉਹਨਾ ਤੇ ਭ੍ਰਿਸ਼ਟਾਚਾਰ ਦੇ ਧੱਬੇ ਹਨ ਅਤੇ ਕਈਆਂ ਉਤੇ ਫੌਜਦਾਰੀ ਮੁਕੱਦਮੇ ਦਰਜ਼ ਹਨ। ਇਹੋ ਜਿਹੇ ਹਾਲਤਾਂ 'ਚ ਅਫ਼ਸਰਸ਼ਾਹੀ ਤੋਂ ਇਮਾਨਦਾਰੀ ਦੀ ਤਵੱਕੋ ਕਿਵੇਂ ਹੋ ਸਕਦੀ ਹੈ? ਉਹ ਪੰਜਾਬ ਦੀ ਅਫ਼ਸਰਸ਼ਾਹੀ ਜਿਹੜੀ ਕਿ ਤੜਕ-ਭੜਕ ਲਈ ਮਸ਼ਹੂਰ ਹੈ, ਜਿਸਦੇ ਕੁਝ ਅਫ਼ਸਰ ਭੂ-ਮਾਫੀਏ ਨਾਲ ਜੁੜੇ ਰਹੇ ਹਨ, ਜਿਹੜੇ ਸਿਆਸਤਦਾਨਾਂ ਦੀ ਭ੍ਰਿਸ਼ਟਾਚਾਰੀ ਤਿਕੜੀ ਦੇ ਮੈਂਬਰ ਰਹੇ ਹਨ, ਕਿਵੇਂ ਉਸੇ ਰਾਹ ਨਹੀਂ ਚੱਲਣਗੇ, ਜਿਹੜੇ ਰਾਹੀਂ ਉਹਨਾ ਦੇ ਆਕਾ ਤੁਰਦੇ ਹਨ ਜਾਂ ਉਹਨਾ ਨੂੰ ਤੁਰਨ ਲਈ ਮਜ਼ਬੂਰ ਕਰਦੇ ਹਨ।

ਇਸ ਵੇਲੇ ਆਪ ਸਰਕਾਰ ਦਾ ਅਕਸ ਦਾਅ 'ਤੇ ਲਗਿਆ ਹੈ। ਖ਼ਾਸ ਤੌਰ 'ਤੇ ਉਸ ਵੇਲੇ ਜਦੋਂ ਲੋਕਾਂ 'ਚ ਉਸ ਵਲੋਂ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਉਹ ਕਦਾਚਿੱਤ ਵੀ ਭ੍ਰਿਸ਼ਟਾਚਾਰੀ ਅਫ਼ਸਰਾਂ, ਸਿਆਸਤਦਾਨਾਂ ਨੂੰ ਬਖ਼ਸ਼ਣਗੇ ਨਹੀਂ, ਸਗੋਂ ਲੋਕਾਂ ਦੇ ਗਲਤ ਵਰਤੇ ਪੈਸੇ-ਪੈਸੇ ਦਾ ਹਿਸਾਬ ਲੈਣਗੇ। ਪਰ ਸਵਾਲ ਉਠਾਏ ਜਾ ਰਹੇ ਹਨ ਕਿ ਗੁਜਰਾਤ, ਹਿਮਾਚਲ ਜਾਂ ਦਿੱਲੀ 'ਚ ਪੰਜਾਬ ਦੇ ਲੋਕਾਂ ਦੇ ਟੈਕਸਾਂ ਨਾਲ ਉਗਰਾਹੇ ਗਏ ਪੈਸਿਆਂ ਨਾਲ ਪੰਜਾਬ ਦੇ ਪ੍ਰਾਜੈਕਟਾਂ, ਕੀਤੇ ਕੰਮਾਂ, ਜਿਹਨਾ 'ਚ 25,000 ਨੌਕਰੀਆਂ ਦੇਣਾ, ਮੁਫ਼ਤ ਬਿਜਲੀ ਦੀ ਸਹੂਲਤ ਆਦਿ ਆਦਿ ਸ਼ਾਮਲ ਹਨ, ਦੇ ਇਸ਼ਤਿਹਾਰ ਚੋਣਾਂ ਦੌਰਾਨ ਬਾਹਰਲੇ ਸੂਬਿਆਂ 'ਚ ਕਿਉਂ ਛਪਵਾਏ ਗਏ? ਥੋੜ੍ਹੇ ਜਿਹੇ, ਮਾੜੇ ਮੋਟੇ ਕੀਤੇ ਜਾ ਰਹੇ ਕੰਮਾਂ ਉਦਾਹਰਨ ਵਜੋਂ ਸਕੂਲਾਂ 'ਚ ਮਾਪਿਆਂ 'ਤੇ ਟੀਚਰਾ ਦੀ ਮੀਟਿੰਗ ਨੂੰ ਰੇਡੀਓ, ਟੀ.ਵੀ., ਅਖ਼ਬਾਰਾਂ 'ਚ ਇਵੇਂ ਕਿਉਂ ਪ੍ਰਚਾਰਿਆ ਗਿਆ ਜਿਵੇਂ ਇਹ ਇੱਕ ਨਿਵੇਕਲਾ ਕੰਮ ਹੋਵੇ? ਹਰ ਮਹੀਨੇ ਲਗਾਤਾਰ ਸਕੂਲਾਂ 'ਚ ਟੀਚਰ ਰਿਟਾਇਰ ਹੋ ਰਹੇ ਹਨ, ਉਹਨਾ ਦੀ ਥਾਂ ਭਰਤੀ ਉਨੀ ਨਹੀਂ ਹੋ ਰਹੀ ਜਿੰਨੇ ਦੀ ਸਕੂਲਾਂ 'ਚ ਬੱਚਿਆਂ ਨੂੰ ਲੋੜ ਹੈ। ਮਹਿਕਮਿਆਂ 'ਚ ਕਰਮਚਾਰੀਆਂ ਦੀ ਕਮੀ ਹੈ। ਇਹਨਾ ਕੰਮਾਂ ਵੱਲ ਧਿਆਨ ਨਾ ਦੇ ਕੇ ਨਿਗੂਣੇ ਕੰਮਾਂ ਨੂੰ ਪ੍ਰਚਾਰਨਾ ਕਿਥੋਂ ਤੱਕ ਠੀਕ ਹੈ? ਪੰਚਾਇਤ ਅਤੇ ਪੇਂਡੂ ਵਿਕਾਸ ਮਹਿਕਮਾ ਲਉ, ਜਿਹੜਾ ਪੇਂਡੂ ਵਿਕਾਸ ਲਈ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਦਾ ਜੁੰਮੇਵਾਰ ਹੈ, ਵਿੱਚ ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ ਦੀ ਕਮੀ ਹੈ, ਇੱਕ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਕਪੂਰਥਲਾ ਜ਼ਿਲੇ 'ਚ ਇਹੋ ਜਿਹਾ ਹੈ, ਜਿਸ ਕੋਲ ਸੁਲਤਾਨਪੁਰ ਲੋਧੀ, ਫਗਵਾੜਾ ਅਤੇ ਜਲੰਧਰ ਜ਼ਿਲੇ ਦੇ ਇੱਕ ਹੋਰ ਬਲਾਕ ਦਾ ਚਾਰਜ ਹੈ ਅਤੇ ਫਗਵਾੜਾ ਜੋ ਮਹੱਤਵਪੂਰਨ ਬਲਾਕ ਹੈ, ਤੇ ਜਿਥੇ 91 ਪੰਚਾਇਤਾਂ ਲਈ ਸਿਰਫ਼ ਤਿੰਨ ਪੰਚਾਇਤ ਸਕੱਤਰ ਕੰਮ ਕਰਦੇ ਹਨ। ਉਹ ਸਰਕਾਰ ਜਿਹੜੀ ਵਿਕਾਸ ਦੀਆਂ ਅਤੇ ਨਵੇਂ ਰੰਗਲੇ ਪੰਜਾਬ ਦੀ ਉਸਾਰੀ ਦੀ ਗੱਲ ਕਰਦੀ ਆਪਣੇ ਟੀਚੇ ਸਿਰਫ਼ ਬੜਕਾਂ ਮਾਰਕੇ ਪੂਰੇ ਕਿਵੇਂ ਕਰੇਗੀ?



ਸਰਕਾਰ ਦੇ ਜੁੰਮੇ ਬਹੁਤ ਵੱਡੇ ਕੰਮ ਸਨ ਜਾਂ ਹਨ। ਇਹਨਾ ਕੰਮਾਂ ਦੀ ਪੂਰਤੀ ਲਈ ਖਾਕਾ ਤਿਆਰ ਕਰਨਾ ਸਮੇਂ ਦੀ ਲੋੜ ਸੀ, ਕਿਉਂਕਿ ਪੰਜਾਬ ਹਰ ਖੇਤਰ 'ਚ ਪਛੜਦਾ ਜਾ ਰਿਹਾ ਹੈ, ਇਸ ਨੂੰ ਥਾਂ ਸਿਰ ਕਰਨ ਲਈ ਅਤੇ ਇਸਦੇ ਵਿੱਤੀ ਹਾਲਾਤ ਸੁਧਾਰਨ ਲਈ ਇੱਕ ਵਿਸ਼ਵਾਸ਼ਯੋਗ ਸ਼ਾਸ਼ਨ ਅਤੇ ਪ੍ਰਸਾਸ਼ਨ ਦੇਣਾ ਸਰਕਾਰ ਦਾ ਫ਼ਰਜ਼ ਸੀ ਤੇ ਹੈ। ਸਾਸ਼ਨ, ਪ੍ਰਸਾਸ਼ਨ ਲਈ ਸੁਯੋਗ ਅਫ਼ਸਰਾਂ ਦੀ ਯੋਗ ਟੀਮ ਦੀ ਚੋਣ ਜ਼ਰੂਰੀ ਹੁੰਦੀ ਹੈ। ਕੰਮਕਾਰ ਚਲਾਉਣ ਲਈ ਇਮਾਨਦਾਰ ਅਫ਼ਸਰੀ ਜੁੱਟ ਹੀ ਕੇਂਦਰ ਨਾਲ ਰਾਬਤਾ ਰੱਖ ਸਕਦਾ ਹੈ, ਨਵੀਆਂ ਸਕੀਮਾਂ ਤੋਂ ਗ੍ਰਾਂਟ ਲਿਆ ਸਕਦਾ ਹੈ, ਚੁਸਤ ਫੁਰਤ ਸਰਕਾਰੀ ਮਸ਼ੀਨਰੀ ਹੀ ਰਾਜ ਪ੍ਰਸਾਸ਼ਨ ਚਲਾ ਸਕਦੀ ਹੈ। ਪਰ ਇਵੇਂ ਲੱਗਦਾ ਹੈ ਕਿ ਸਰਕਾਰ ਉਕਾਈ ਕਰ ਬੈਠੀ, ਰੋਹਬ-ਦਾਅਬ ਨਾਲ ਅਫ਼ਸਰਸ਼ਾਹੀ ਤੋਂ ਕੰਮ ਲੈਣ ਦੇ ਰਾਹ ਤੁਰ ਪਈ ਅਤੇ ਪੰਜਾਬ ਦੀ ਬਹੁਤੀ ਅਫ਼ਸਰਸ਼ਾਹੀ ਨੂੰ ਇਹ ਗਬਾਰਾ ਨਾ ਹੋਇਆ। ਇੱਕ ਸ਼ੰਕਾ ਸਰਕਾਰ 'ਤੇ ਅਫ਼ਸਰਸ਼ਾਹੀ 'ਚ ਪੈਦਾ ਹੋ ਗਿਆ। ਪਾੜਾ ਪੈ ਗਿਆ। ਇਸ ਨਾਲ ਸਮੁੱਚੇ ਤੌਰ 'ਤੇ ਪੰਜਾਬ ਦਾ ਨੁਕਸਾਨ ਹੋਏਗਾ। ਮੌਜੂਦਾ ਸਰਕਾਰ ਘਾਟੇ 'ਚ ਰਹੇਗੀ, ਲੋਕਾਂ ਦਾ ਨੁਕਸਾਨ ਹੋਏਗਾ।

ਹਰ ਪੰਜਾਬੀ ਇਹ ਚਾਹੁੰਦਾ ਹੈ, ਕਿ ਪੰਜਾਬ 'ਚੋਂ ਭ੍ਰਿਸ਼ਟਾਚਾਰ ਦੂਰ ਹੋਵੇ। ਪੰਜਾਬ ਉਤੇ ਲੱਗਾ ਨਸ਼ਿਆਂ ਦਾ ਟਿੱਕਾ ਖ਼ਤਮ ਹੋਵੇ। ਪੰਜਾਬ 'ਚ ਬੇਰੁਜ਼ਗਾਰੀ ਨੂੰ ਨੱਥ ਪਵੇ। ਪਰ ਜੜ੍ਹਾਂ 'ਚ ਬੈਠੀਆਂ ਇਹ ਤਿੰਨੇ ਅਲਾਮਤਾਂ -ਭ੍ਰਿਸ਼ਟਾਚਾਰ, ਨਸ਼ਾ, ਬੇਰੁਜ਼ਗਾਰੀ ਕੀ ਇਕੋ ਦਿਨ ਅਤੇ ਇਕੋ ਤਰੀਕੇ "ਸਖ਼ਤੀ" ਨਾਲ ਖ਼ਤਮ ਹੋ ਸਕਦੀਆਂ ਹਨ?

ਭ੍ਰਿਸ਼ਟਾਚਾਰ ਮੁਕਤੀ ਲਈ ਜਵਾਬਦੇਹੀ, ਸਰਕਾਰ ਦੇ ਥੱਲਿਓ ਉਪਰ ਤੱਕ ਅਤੇ ਸਮਾਜ ਦੇ ਜ਼ਮੀਨੀ ਪੱਧਰ ਤੱਕ ਜ਼ਰੂਰੀ ਹੈ। ਟੈਕਨੋਲੋਜੀ ਦੀ ਵਰਤੋਂ ਅਤੇ ਸਮੇਂ ਸਿਰ ਵਰਤੋਂ ਚੰਗੇ ਨਤੀਜੇ ਦੇ ਸਕਦੀ ਹੈ। ਭ੍ਰਿਸ਼ਟਾਚਾਰ ਮੁਕਤੀ ਦਾ ਖਾਕਾ ਲਾਗੂ ਕਰਨ ਲਈ ਮਹੀਨੇ ਦਾ ਸਮਾਂ ਘੱਟ ਨਹੀਂ ਹੁੰਦਾ। ਪਰ ਸਰਕਾਰ ਨੇ ਸਿਰਫ਼ ਸਖ਼ਤੀ ਦਾ ਰਾਹ ਫੜਿਆ ਹੈ। ਬਿਨ੍ਹਾਂ ਸ਼ੱਕ ਭ੍ਰਿਸ਼ਟਾਚਾਰ ਮੁਕਤੀ ਲਈ ਸਖ਼ਤ ਕਾਨੂੰਨ ਠੀਕ ਹੋ ਸਕਦੇ ਹਨ, ਪਰ ਭ੍ਰਿਸ਼ਟਾਚਾਰ ਦੇ ਕਿੰਨੇ ਕੇਸ ਸਫ਼ਲ ਹੋਣਗੇ? ਕਿੰਨੇ ਕਥਿਤ ਦੋਸ਼ੀ ਸਜ਼ਾ ਪਾਉਣਗੇ? ਕਾਨੂੰਨੀ ਪਚੀਦਗੀਆਂ ਦੋਸ਼ੀਆਂ ਨੂੰ ਮੁਕਤ ਕਰ ਦਿੰਦੀਆਂ ਹਨ। ਉਂਜ ਵੀ ਵਰ੍ਹਿਆਂ ਬਧੀ ਚਲਦੇ ਕੇਸ ਸਮਾਂ ਰਹਿੰਦਿਆਂ ਖ਼ਤਮ ਹੀ ਹੋ ਜਾਂਦੇ ਹਨ, ਗਵਾਹ ਮੁੱਕਰ ਜਾਂਦੇ ਹਨ। ਨਿਆਪਾਲਿਕਾ ਦਾ ਤਰੀਕ 'ਤੇ ਤਰੀਕ ਪਾਉਣ ਵਾਲਾ ਅਕਸ ਕਿਸੇ ਤੋਂ ਗੁੱਝਾ ਨਹੀਂ।

ਪਿਛਲੇ ਲਗਭਗ 10 ਮਹੀਨਿਆਂ ਦਾ ਸਮਾਂ ਪੰਜਾਬ ਲਈ ਸੁਖਾਵਾਂ ਨਹੀਂ ਗਿਣਿਆ ਜਾ ਸਕਦਾ। ਅਕਾਲੀ-ਭਾਜਪਾ, ਕਾਂਗਰਸ ਦੇ ਭੈੜੇ ਸਾਸ਼ਨ, ਭੇੜੇ ਰਾਜ ਪ੍ਰਬੰਧ ਅਤੇ ਕੁਨਬਾਪਰਵਰੀ ਤੋਂ ਦੁੱਖੀ ਪੰਜਾਬ ਦੀ ਜਨਤਾ ਨੂੰ ਜੋ ਆਸ ਦੀ ਕਿਰਨ ਦਿਸੀ ਸੀ, ਆਪ ਸਰਕਾਰ ਬਨਣ 'ਤੇ ਉਹ ਫਿੱਕੀ ਪੈਂਦੀ ਜਾਪਦੀ ਹੈ। ਕੁਝ ਕੇਂਦਰੀ ਸਰਕਾਰ ਦੇ ਪੰਜਾਬ ਅਤੇ ਪੰਜਾਬ ਸਰਕਾਰ ਵਿਰੋਧੀ ਰਵੱਈਏ ਨੇ ਆਰਥਿਕ ਤੌਰ 'ਤੇ ਪੰਜਾਬ ਦਾ ਲੱਕ ਤੋੜਨ ਦਾ ਯਤਨ ਕੀਤਾ ਅਤੇ ਸੂਬੇ ਦੇ ਅਧਿਕਾਰ ਹੜੱਪਣ ਲਈ ਸਮੇਂ-ਸਮੇਂ ਗਵਰਨਰ ਪੰਜਾਬ ਰਾਹੀਂ "ਅਨੋਖੀਆਂ" ਕਾਰਵਾਈਆਂ ਕੀਤੀਆਂ ਅਤੇ ਕੁਝ ਪੰਜਾਬ 'ਚ ਸਿਆਸੀ ਅਸਥਿਰਤਾ ਲਿਆਉਣ ਲਈ ਆਇਆ ਰਾਮ, ਗਿਆ ਰਾਮ ਦੀ ਸਿਆਸਤ ਗਰਮਾਈ।

ਪੰਜਾਬ ਦੀ 'ਆਪ' ਸਰਕਾਰ ਵਲੋਂ ਡੰਗ ਟਪਾਊ ਨੀਤੀਆਂ ਨੇ ਵੀ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਕੀਤੇ ਵਾਇਦਿਆਂ ਨੂੰ ਪੂਰਾ ਕਰਨ ਤੋਂ ਲਟਕਾਇਆ। ਕਿਸਾਨ ਧਰਨੇ 'ਤੇ ਬੈਠੇ, ਜ਼ੀਰਾ ਫੈਕਟਰੀ ਦੀ ਸਮੱਸਿਆ ਨੂੰ ਹੱਲ ਨ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ 'ਤੇ ਕਾਰਵਾਈਆਂ ਲਟਕਾ ਕੇ, ਉਸ ਵਲੋਂ ਵੀ ਲੋਕਾਂ ਪੱਖੋਂ ਮੁੱਖ ਮੋੜ ਲਿਆ 'ਤੇ ਦੂਜੀਆਂ ਸਰਕਾਰਾਂ ਵਰਗਾ ਆਪਣਾ ਅਕਸ ਬਣਾਉਣ ਦੇ ਰਾਹ ਪੈ ਤੁਰੇ।

ਗੈਂਗਸਟਰਾਂ ਨੂੰ ਕਿਸ ਦੀ ਸ਼ਹਿ ਹੈ? ਨਸ਼ਿਆਂ ਦੇ ਵੱਡੇ ਤਸਕਰਾਂ ਨੂੰ ਕੌਣ ਹੱਥ ਨਹੀਂ ਪਾ ਰਿਹਾ ? ਸਮੇਂ-ਸਮੇਂ ਸ਼ਰੇਆਮ ਕਤਲ ਦੀਆਂ ਵਾਰਦਾਤਾਂ ਕਿਉਂ ਹੋ ਰਹੀਆਂ ਹਨ? ਉਹਨਾ ਨੂੰ ਠੱਲ ਕਿਉਂ ਨਹੀਂ ਪੈ ਰਹੀ? ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਜੋ ਤਾਣਾ-ਬਾਣਾ ਬੁਣਿਆ ਜਾ ਰਿਹਾ ਹੈ, ਕੀ ਇਹ ਪੰਜਾਬ ਨੂੰ ਅਰਾਜਕਤਾ ਵੱਲ ਨਹੀਂ ਲੈ ਕੇ ਜਾਏਗਾ? ਕੀ ਇਕੋ ਸਰਕਾਰ 'ਚ ਦੋ ਸਰਕਾਰਾਂ ਕੰਮ ਕਰ ਸਕਣਗੀਆਂ? ਕੀ ਟਕਰਾਅ ਦੀ ਇਹ ਸਥਿਤੀ ਪੰਜਾਬ ਦਾ ਕੁਝ ਸੁਆਰ ਸਕੇਗੀ?

# ਉੱਥੇ ਅਮਲਾਂ ਦੇ ਹੋਣੇ ਨੇ ਨਬੇੜੇ




ਕੈਨੇਡਾ ਅਤੇ ਉੱਤਰੀ ਅਮੈਰਿਕਾ ਦੇ ਕਈ ਖਿੱਤਿਆਂ ਦਾ ਠੰਡਾ-ਠਾਰ ਵਾਤਾਵਰਣ, ਕਈ ਵਾਰ ਮਨੁੱਖੀ ਵਰਤਾਰਿਆਂ ਦੇ ਠੰਡੇ-ਯੱਖ਼ ਦਾ ਰੂਪ ਬਣ ਜਾਂਦਾ ਜਾਪਦਾ ਹੈ ਤੇ ਇਸ ਵਿੱਚ ਕਿਸੇ ਵੀ ਸੰਵੇਦਨਾ ਜਾਂ ਸੰਵੇਦਨਸ਼ੀਲਤਾ ਦਾ ਪਤਾ ਹੀ ਨਹੀਂ ਲੱਗਦਾ। 'ਕੋਈ ਮਰੇ, ਕੋਈ ਜੀਵੇ; ਸੁਥਰਾ ਘੋਲ ਪਤਾਸੇ ਪੀਵੇ' ਦੀ ਤਰਜ਼ 'ਤੇ ਅਸੀਂ ਬਹੁਤੀ ਵਾਰ ਅਜਿਹਾ ਰੂਪ ਵਿਖਾ ਦਿੰਦੇ ਹਾਂ ਜਿੱਥੇ ਸਾਫ਼ ਲੱਗਦਾ ਹੈ ਕਿ 'ਸਾਨੂੰ ਕੀ', 'ਅਸੀਂ ਕੀ ਲੈਣਾ', 'ਕਿਹੜਾ ਸਾਡੇ ਨਾਲ ਇਹ ਵਾਪਰਿਆ ਹੈ'!

ਪਿਛਲੇ ਵਰ੍ਹੇ ਜਨਵਰੀ ਮਹੀਨੇ ਖ਼ਬਰ ਆਈ ਕਿ 39 ਸਾਲਾ ਭਾਰਤੀ (ਗੁਜਰਾਤੀ) ਮੂਲ ਦਾ ਜਗਦੀਸ਼ ਪਟੇਲ, ਉਸ ਦੀ ਪਤਨੀ ਵੈਸ਼ਾਲੀ ਅਤੇ 11 ਅਤੇ 3 ਸਾਲ ਦੇ ਉਸ ਦੇ ਦੋ ਬੱਚੇ, ਚਾਰੇ ਜਣੇ, ਕੈਨੇਡਾ ਤੋਂ ਅਮੈਰਿਕਾ ਵੱਲ ਨੂੰ ਗ਼ੈਰਕਾਨੂੰਨੀ ਢੰਗ ਨਾਲ ਜਾਂਦਿਆਂ, ਬਰਫੀਲੇ ਤੂਫਾਨ ਦਾ ਸ਼ਿਕਾਰ ਹੋ ਗਏ ਤੇ ਉਹਨਾਂ ਚਾਰਾਂ ਦੀਆਂ ਲਾਸ਼ਾਂ, ਬਰਫ਼ ਨਾਲ ਬਰਫ਼ ਹੋਈਆਂ ਮਿਲੀਆਂ ਸਨ। ਕੁੱਝ ਦਿਨ ਅਖ਼ਬਾਰਾਂ ਤੇ ਮੀਡੀਏ ਦੇ ਕੁਝ ਹੋਰ ਸਾਧਨਾਂ ਦਾ ਉਹ ਵਿਸ਼ਾ ਬਣੀਆਂ ਰਹੀਆਂ ਪਰ ਅੰਤ ਨੂੰ ਜੋ ਲਾਸ਼ਾਂ ਨਾਲ ਹੁੰਦਾ ਹੈ, ਉਹੀ ਹੋਇਆ...ਉਹ ਦਫ਼ਨ ਹੋ ਗਈਆਂ ਜਾਂ ਸੜ ਗਈਆਂ ਤੇ 'ਪਵਨੈ ਮਹਿ ਪਵਨੁ' ਸਮਾ ਗਈ। ਕਹਾਣੀ ਖ਼ਤਮ।

ਪਿਛਲੇ ਸਾਲ 14 ਦਸੰਬਰ ਨੂੰ ਇਕ ਹੋਰ ਘਟਨਾ ਵਾਪਰੀ। ਇਸ ਵਾਰ ਵੀ ਭਾਰਤੀ (ਗੁਜਰਾਤੀ) ਮੂਲ ਦੇ ਬ੍ਰਿਜ ਕੁਮਾਰ ਯਾਦਵ ਨੇ ਗ਼ੈਰ-ਕਾਨੂੰਨੀ ਢੰਗ ਨਾਲ ਮੈਕਸਿਕੋ ਦੇ ਟੀਹਵਾਨਾ (Tijuana) ਤੋਂ ਅਮੈਰਿਕਾ ਬਾਰਡਰ ਟੱਪਣ ਦਾ ਫੈਸਲਾ ਕੀਤਾ। ਉੱਥੇ ਬਣੀ 30 ਫੁਟ ਉੱਚੀ 'ਟਰੰਪ ਕੰਧ' ਨੂੰ ਪਾਰ ਕਰਨਾ ਪੈਣਾ ਸੀ। ਆਪਣੇ ਪਿੰਡੇ ਨਾਲ ਆਪਣਾ 3 ਸਾਲ ਦਾ ਪੁੱਤਰ ਬੰਨ੍ਹ ਕੇ ਉਹ ਕੰਧ ਉੱਪਰ ਚੜ੍ਹ ਗਿਆ। ਉਸ ਦੀ ਪਤਨੀ ਪੂਜਾ ਯਾਦਵ ਵੀ ਉਸ ਦੇ ਨਾਲ ਸੀ। ਕੰਧ ਉੱਪਰ ਚੜ੍ਹਣ ਮਗਰੋਂ ਬ੍ਰਿਜ ਕੁਮਾਰ ਯਾਦਵ ਮੈਕਸਿਕੋ ਵਾਲੇ ਪਾਸੇ ਅਤੇ ਉਸ ਦੀ ਪਤਨੀ ਪੂਜਾ, ਅਮੈਰਿਕਾ ਵਾਲੇ ਪਾਸੇ ਜਾ ਡਿੱਗੇ। ਬ੍ਰਿਜ ਕੁਮਾਰ ਦੀ ਡਿੱਗਣ ਸਾਰ ਮੌਤ ਹੋ ਗਈ ਜਦੋਂ ਕਿ ਉਸ ਦਾ ਬੱਚਾ ਅਤੇ ਅਮੈਰਿਕਾ ਵਾਲੇ ਪਾਸੇ ਡਿੱਗੀ ਉਸ ਦੀ ਪਤਨੀ – ਦੋਵੇਂ ਜ਼ਖ਼ਮੀ ਹੋ ਗਏ। ਬੱਚਾ ਹੁਣ ਅਮੈਰਿਕਨ ਰੈਫਿਊਜੀ ਸੈਟਲਮੈਂਟ ਅਧਿਕਾਰੀਆਂ ਕੋਲ ਹੈ ਤੇ ਔਰਤ ਦਾ ਇਲਾਜ ਚੱਲ ਰਿਹਾ ਹੈ ਤੇ ਉਹ ਅਮੈਰਿਕਨ ਕਸਟਮਜ਼ ਐਂਡ ਬੌਰਡਰ ਪ੍ਰੋਟੈਕਸ਼ਨ ਵਾਲਿਆਂ ਦੀ ਦੇਖਰੇਖ ਹੇਠ ਹੈ।



ਸਾਲ 1914 ਦੇ ਕੌਮਾਗਾਟਾ-ਮਰੂ ਤੋਂ 1996 ਦੇ ਮਾਲਟਾ ਕਿਸ਼ਤੀ ਦੁਖਾਂਤ ਤੱਕ ਅਤੇ ਉਸ ਤੋਂ ਬਾਦ ਹੁਣ ਤੱਕ ਗ਼ੈਰ-ਕਾਨੂੰਨੀ ਇਮਿਗ੍ਰੇਸ਼ਨ ਦੀਆਂਇਹ ਕਹਾਣੀਆਂ ਵੱਡੇ ਉੱਥਲ-ਪੁੱਥਲ ਨਾਲ ਭਰੀਆਂ ਹੋਈਆਂ ਹਨ। ਮੇਰਾ ਇਕ ਵਿਦਿਆਰਥੀ ਵੀ ਮਾਲਟਾ ਕਿਸ਼ਤੀ ਕਾਂਡ ਵਿੱਚ ਮਾਰਿਆ ਗਿਆ ਸੀ ਤੇ ਉਸ ਦੇ ਘਰ ਦੀ ਉਸ ਦਿਨ ਦੀ ਹਾਲਤ ਅੱਜ ਵੀ ਮੇਰੇ ਚੇਤਿਆਂ ਵਿੱਚ ਵਸੀ ਹੋਈ ਹੈ।

ਅਜਿਹੀ ਹਰੇਕ ਦੁਖਾਂਤਕ ਘਟਨਾ ਮਗਰੋਂ ਘਟਨਾ ਦੀ ਜਾਂਚ ਦਾ ਐਲਾਨ ਹੁੰਦਾ ਹੈ ਪਰ ਉਸ ਜਾਂਚ ਦਾ ਕੀ ਬਣਿਆ ਹੈ, ਅੱਜ ਤੱਕ ਕਿਸੇ ਨੂੰ ਵੀ ਨਹੀਂ ਪਤਾ। ਇਹੀ ਸਮੱਸਿਆ ਹੈ ਤੇ ਇੱਥੇ ਹੀ ਸਮੱਸਿਆ ਦੀ ਜੜ੍ਹ ਵੀ ਲੁਕੀ ਹੋਈ ਹੈ। ਨੇਤਾਵਾਂ ਨੂੰ ਇਸ ਦੀ ਕੋਈ ਲੋੜ ਨਹੀਂ। ਦੂਜਿਆਂ ਨੂੰ ਇਸ ਦੀ ਪਰਵਾਹ ਨਹੀਂ। ਪੀੜਤ ਤੇ ਪ੍ਰਭਾਵਿਤ ਪਰਵਾਰਾਂ ਦੀ ਕੋਈ ਸੁਣਦਾ ਨਹੀਂ। ਨਤੀਜਾ – ਸਿਫ਼ਰ, ਜ਼ੀਰੋ, ਆਂਡਾ! ਫਿਰ ਕੋਈ ਨਵੀਂ ਘਟਨਾ ਵਾਪਰਦੀ ਹੈ, ਕੁਝ ਦਿਨ ਸ਼ੋਰ ਪੈਂਦਾ ਹੈ, ਕੁਝ ਦਿਨ ਲੋਕ ਗੱਲ ਕਰਦੇ ਹਨ ਤੇ ਮੁੜ ਕੇ ਜ਼ਿੰਦਗੀ ਆਪਣੀ ਤੋਰ ਤੁਰ ਪੈਂਦੀ ਹੈ। ਜ਼ਖ਼ਮ ਭਰ ਜਾਂਦੇ ਹਨ ਕਿਉਂਕਿ ਉਹ ਜ਼ਖ਼ਮ ਸਾਡੇ ਨਹੀਂ ਹੁੰਦੇ।

ਮਨੁੱਖੀ ਸਮਗਲਿੰਗ ਜਾਂ ਤਸਕਰੀ ਨਵੀਂ ਨਹੀਂ ਤੇ ਪਹਿਲੀ ਵਾਰ ਨਹੀਂ ਸੁਣਨ ਨੂੰ ਮਿਲਦੀ। ਪਰ ਇਸ ਦਾ ਹੱਲ ਕੀ ਹੈ ਅੱਜ ਤੱਕ ਇਸ ਬਾਰੇ ਨਾ ਗੰਭੀਰਤਾ ਦਿਖਾਈ ਗਈ ਤੇ ਨਾ ਹੀ ਇਸ ਦੀ ਲੋੜ ਸਮਝੀ ਗਈ। '

> **ਸਾਡੇ ਮੁਲਕ ਵਿੱਚ ਐੱਲ. ਐੱਮ.ਆਈ.ਏ. ਸ਼ਰੇ-ਆਮ ਵਿਕਦੀ ਹੈ ਤੇ ਹਰ ਇਕ ਨੂੰ ਇਸ ਦਾ ਪਤਾ ਹੈ ਪਰ ਇਸ ਦੀ ਰੋਕਥਾਮ ਲਈ ਕੀ ਕਦਮ ਚੁੱਕਿਆ ਗਿਆ ਹੈ, ਕਿਸੇ ਨੂੰ ਕੁੱਝ ਪਤਾ ਨਹੀਂ। ਜਦ ਸਮਾਜ ਦੇ ਹਰੇਕ ਵਿਅਕਤੀ ਨੂੰ ਇਸ ਬਾਰੇ ਪਤਾ ਹੈ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਸਰਕਾਰਾਂ ਨੂੰ ਇਸ ਦਾ ਪਤਾ ਨਾ ਹੋਵੇ? ਸੁੱਤੇ ਹੋਏ ਨੂੰ ਜਗਾਇਆ ਜਾ ਸਕਦਾ ਹੈ ਪਰ ਸੌਣ ਦਾ ਮਚਲ ਮਾਰਨ ਵਾਲੇ ਨੂੰ ਜਗਾਇਆ ਨਹੀਂ ਜਾ ਸਕਦਾ। ਸਰਕਾਰਾਂ ਮਚਲ ਮਾਰ ਕੇ ਬੈਠੀਆਂ ਹਨ।**

ਸਾਡੇ ਮੁਲਕ ਵਿੱਚ ਐੱਲ.ਐੱਮ.ਆਈ.ਏ. ਸ਼ਰੇ-ਆਮ ਵਿਕਦੀ ਹੈ ਤੇ ਹਰ ਇਕ ਨੂੰ ਇਸ ਦਾ ਪਤਾ ਹੈ ਪਰ ਇਸ ਦੀ ਰੋਕਥਾਮ ਲਈ ਕੀ ਕਦਮ ਚੁੱਕਿਆ ਗਿਆ ਹੈ, ਕਿਸੇ ਨੂੰ ਕੁੱਝ ਪਤਾ ਨਹੀਂ। ਜਦ ਸਮਾਜ ਦੇ ਹਰੇਕ ਵਿਅਕਤੀ ਨੂੰ ਇਸ ਬਾਰੇ ਪਤਾ ਹੈ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਸਰਕਾਰਾਂ ਨੂੰ ਇਸ ਦਾ ਪਤਾ ਨਾ ਹੋਵੇ? ਸੁੱਤੇ ਹੋਏ ਨੂੰ ਜਗਾਇਆ ਜਾ ਸਕਦਾ ਹੈ ਪਰ ਸੌਣ ਦਾ ਮਚਲ ਮਾਰਨ ਵਾਲੇ ਨੂੰ ਜਗਾਇਆ ਨਹੀਂ ਜਾ ਸਕਦਾ। ਸਰਕਾਰਾਂ ਮਚਲ ਮਾਰ ਕੇ ਬੈਠੀਆਂ ਹਨ।

ਸਾਲ 2018 ਦੀ ਇਕ ਰਿਪੋਰਟ ਦੱਸਦੀ ਹੈ ਕਿ ਕੈਨੇਡਾ ਵਿੱਚ ਮਿਡਲ ਕਲਾਸ ਵਰਗ ਵਿੱਚ ਇਕ ਲੱਖ ਸੱਤਰ ਹਜ਼ਾਰ ਨੌਕਰੀਆਂ ਕਰਕੇ ਇੰਟਰਨੈਸ਼ਨਲ ਸਟੂਡੈਂਟਾਂ ਨੇ 21.6 ਬਿਲੀਅਨ ਡਾਲਰਾਂ ਦਾ ਯੋਗਦਾਨ ਕੈਨੇਡਾ ਦੀ ਆਮਦਨੀ ਵਿੱਚ ਪਾਇਆ ਸੀ। ਜਦ ਸਰਕਾਰਾਂ ਨੂੰ ਇੰਨੀ ਵੱਡੀ ਆਮਦਨੀ ਹੁੰਦੀ ਹੋਵੇ ਤਾਂ ਉਹਨਾਂ ਨੂੰ ਕੀ ਲੋੜ ਹੈ ਅਜਿਹੇ ਕਮਾਊ ਯੰਤਰ ਨੂੰ ਬੰਦ ਕਰਨ ਦੀ!

ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਹੋ ਰਹੀ ਲੁੱਟ-ਖਸੁੱਟ 'ਤੇ ਕੋਈ ਕਿਉਂ ਨਹੀਂ ਬੋਲਦਾ? ਕਿਉਂਕਿ ਆਪਾਂ ਇਹ ਲੁੱਟ ਖਸੁੱਟ ਕਰਨ ਵਾਲੀਆਂ ਵਿੱਚ ਸ਼ਾਮਿਲ ਹਾਂ। ਉੱਧਰ ਬੈਠੇ ਮਾਪਿਆਂ ਨੂੰ ਇਧਰ ਦੀ ਕਿਸੇ ਸੱਚਾਈ ਦਾ ਪਤਾ ਨਹੀਂ ਤੇ ਨਾ ਹੀ ਉਹ ਜਾਣਨਾ ਚਾਹੁੰਦੇ ਹਨ। ਨੌਜਵਾਨਾਂ ਨੂੰ ਭਾਰਤ ਤੋਂ ਭੱਜ-ਨਿੱਕਲਣ ਦੀ ਕਾਹਲੀ ਹੈ। ਉੱਥੇ ਉਹਨਾਂ ਨੂੰ ਕੰਮ ਕਰਨ ਦੀ ਆਦਤ ਨਹੀਂ ਤੇ ਨਸ਼ਾ ਆਮ ਘਰਾਂ ਵਿੱਚ ਦਾਖ਼ਲ ਹੋ ਚੁੱਕਿਆ ਹੈ।

ਕੈਨੇਡਾ ਆ ਕੇ ਕੰਮ ਕਰਨਾ ਪੈਂਦਾ ਹੈ – ਇਹ ਵੀ ਥੋੜ੍ਹਾ ਨਹੀਂ, ਬਹੁਤ ਜ਼ਿਆਦਾ। ਪੜ੍ਹਾਈ ਦਾ ਬੋਝ, ਫੀਸਾਂ ਦਾ ਬੋਝ, ਰਹਿਣ-ਸਹਿਣ ਦਾ ਬੋਝ, ਮਾਪਿਆਂ ਵੱਲੋਂ ਚੁੱਕੇ ਕਰਜ਼ੇ ਨੂੰ ਲਾਹੁਣ ਦਾ ਬੋਝ, ਇਥੇ ਹੋ ਰਹੀ ਲੁੱਟ-ਖਸੁੱਟ ਦਾ ਬੋਝ...ਇਹਨਾਂ ਬੋਝਾਂ ਥੱਲੇ ਆਏ ਨੌਜਵਾਨਾਂ ਦੀ ਜੋ ਦੁਰਗਤ ਹੋ ਰਹੀ ਹੈ, ਉਸ ਦੀਆਂ ਤਸਵੀਰਾਂ ਹਰ ਰੋਜ਼ ਮਿਲ ਰਹੀਆਂ ਹਨ। ਨਾ ਭਾਰਤ ਸਰਕਾਰ, ਨਾ ਪੰਜਾਬ ਸਰਕਾਰ ਅਤੇ ਨਾ ਹੀ ਕੈਨੇਡਾ ਦੀਆਂ ਸਰਕਾਰਾਂ ਨੂੰ ਇਸ ਦੀ ਕੋਈ ਪਰਵਾਹ ਹੈ ਤੇ ਨਾ ਸਧਾਰਨ ਲੋਕਾਂ ਨੂੰ। 'ਖਾਣ ਜਿਹੜੇ ਗਾਜਰਾਂ, ਢਿੱਡ ਉਹਨਾਂ ਦੇ ਪੀੜ' ਕਹਿ ਕੇ ਆਪਣਾ ਕੰਮ ਮੁਕਾ ਲਿਆ ਜਾਂਦਾ ਹੈ। ਸਾਡੀ ਸੋਚ ਸਿਰਫ਼ ਸਾਡੇ ਆਪਣੇ ਤੱਕ ਸੀਮਿਤ ਰਹਿ ਗਈ ਹੈ ਤੇ ਸਾਨੂੰ ਆਪਣੇ ਤੋਂ ਅੱਗੇ ਕੁੱਝ ਵੀ ਦਿਖਾਈ ਨਹੀਂ ਦਿੰਦਾ। ਆਪਾਂ ਤਾਂ ਆਪਣਾ ਲਾਗ ਲੈਣਾ ਹੈ ਤੇ ਅਗਲੀ ਭਾਵੇਂ ਜਾਂਦੀ ਓ....."। ਇਕ ਗੱਲ ਚੇਤੇ ਜ਼ਰੂਰ ਰੱਖ ਲੈਣੀ ਚਾਹੀਦੀ ਹੈ...ਉੱਥੇ ਅਮਲਾਂ ਦੇ ਹੋਣੇ ਨੇ ਨਬੇੜੇ ਤੇ ਜ਼ਾਤ ਕਿਸੇ ਪੁੱਛਣੀ ਨਹੀਂ!

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com



**Edmonton**
Parminder Singh Balluana
780-258-5800
780 599 2000
Email: balluana.parminder@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

